# ਪੰਜਾਬੀ (004)

## X (ਦਸਵੀਂ)

# ਨਮੂਨੇ ਦਾ ਪ੍ਰਸ਼ਨ-ਪੱਤਰ (ਟਰਮ II)

## (ਮਾਰਚ-ਅਪ੍ਰੈਲ 2022)

**Time Allowed: 2 hours** | **Maximum Marks: 40**

**ਸਮਾਂ: 2 ਘੰਟੇ** | **ਕੁੱਲ ਅੰਕ: 40**

### ਆਮ ਨਿਰਦੇਸ਼

**ਹੇਠ ਲਿਖੇ ਨਿਰਦੇਸ਼ਾਂ ਨੂੰ ਧਿਆਨ ਨਾਲ਼ ਪੜ੍ਹੋ ਅਤੇ ਉਹਨਾਂ ਦਾ ਪਾਲਣ ਕਰੋ :**

- **ਸਾਰੇ ਪ੍ਰਸ਼ਨ ਲਾਜ਼ਮੀ ਹਨ। ਪ੍ਰਸ਼ਨਾਂ ਵਿੱਚ ਦਿੱਤੀ ਗਈ ਚੋਣ ਨੂੰ ਧਿਆਨ ਨਾਲ਼ ਵੇਖ ਕੇ ਨਿਰਦੇਸ਼ਾਂ ਅਨੁਸਾਰ ਹੱਲ ਕੀਤਾ ਜਾਵੇ।**
- **ਸਾਫ਼ ਅਤੇ ਸ਼ੁੱਧ ਲਿਖਿਆ ਜਾਵੇ, ਪ੍ਰਸ਼ਨ ਨੰਬਰ ਅਤੇ ਉਪ-ਭਾਗ ਨੰਬਰ ਬਿਲਕੁਲ ਸਹੀ ਅਤੇ ਪ੍ਰਸ਼ਨ-ਪੱਤਰ ਅਨੁਸਾਰ ਲਿਖੇ ਜਾਣ।**
- **ਉੱਤਰਾਂ ਨੂੰ ਧਿਆਨ ਨਾਲ਼ ਉੱਤਰ-ਸ਼ੀਟ 'ਤੇ ਲਿਖਿਆ ਕੀਤਾ ਜਾਵੇ।**

## ਭਾਗ ਪਹਿਲਾ: ਵਿਆਕਰਨ (Part A: Grammar) 4+6=10

### ਅਗੇਤਰ-ਪਿਛੇਤਰ:

1. **ਪੁੱਛੇ ਗਏ ਅਨੁਸਾਰ ਹੱਲ ਕਰੋ:**

(i). ਹੇਠ ਲਿਖਿਆਂ ਵਿੱਚੋਂ ਕਿਸੇ **ਦੋ ਅਗੇਤਰਾਂ** ਨੂੰ ਵਰਤ ਕੇ ਦੋ-ਦੋ ਸ਼ਬਦ ਬਣਾਓ :

ਅਨ, ਪੁਨਰ, ਬਾ

(ii). ਹੇਠ ਲਿਖਿਆਂ ਵਿੱਚੋਂ ਕਿਸੇ **ਦੋ ਪਿਛੇਤਰਾਂ** ਨੂੰ ਵਰਤ ਕੇ ਦੋ-ਦੋ ਸ਼ਬਦ ਬਣਾਓ :

ਆਵਟ, ਕਾਰੀ, ਬਾਜ਼ **2+2=4**

2. ਹੇਠ ਲਿਖਿਆਂ ਵਿੱਚੋਂ ਕਿਸੇ **ਛੇ ਮੁਹਾਵਰਿਆਂ** ਨੂੰ ਇਸ ਤਰ੍ਹਾਂ ਵਾਕਾਂ ਵਿੱਚ ਵਰਤੋਂ ਕਿ ਅਰਥ ਸਪਸ਼ਟ ਹੋ ਜਾਣ:

(i) ਚਾਅ ਚੜ੍ਹਨਾ

(ii) ਚਿਹਰਾ ਉਤਰ ਜਾਣਾ

(iii) ਛਿੱਕੇ ਉੱਤੇ ਟੰਗਣਾ

(iv) ਛਹਿਬਰ ਲਾਉਣੀ

(v) ਜਾਨ ਮਾਰਨਾ

(vi) ਜ਼ਬਾਨ ਨੂੰ ਲਗਾਮ ਦੇਣਾ

(vii) ਝੰਡੇ ਗੱਡਣਾ

(viii) ਝੱਟ ਟਪਾਉਣਾ 1X6 = 6

## ਭਾਗ ਦੂਜਾ: ਪ੍ਰਭਾਵਸ਼ਾਲੀ ਲਿਖਣ-ਕੌਸ਼ਲ (Part B: Writing Skill) 8+7=15

3. ਹੇਠ ਲਿਖਿਆਂ ਵਿੱਚੋਂ ਕਿਸੇ ਇੱਕ ਵਿਸ਼ੇ ’ਤੇ 200 ਸ਼ਬਦਾਂ ਵਿੱਚ ਲੇਖ ਲਿਖੋ : 8X1 = 8

**(i) ਪੁਸਤਕਾਂ ਸਭ ਤੋਂ ਚੰਗਾ ਸਾਥੀ**

(ਜਾਣ-ਪਛਾਣ .................... ਜੀਵਨ ਵਿੱਚ ਰਿਸ਼ਤਿਆਂ ਦਾ ਮਹੱਤਵ .................... ਪੁਸਤਕਾਂ ਦਾ ਮਹੱਤਵ .................... ਪੁਸਤਕ ਇੱਕ ਚੰਗਾ ਸਾਥੀ.................... ਪੁਸਤਕਾਂ ਦੀਆਂ ਕਿਸਮਾਂ .................... ਪੁਸਤਕਾਂ ਦੀ ਚੋਣ ਵਿੱਚ ਸੁਚੇਤ .................... ਸਿੱਟਾ ....................)

**(ii) ਨੌਜਵਾਨਾਂ ਵਿੱਚ ਵਧ ਰਹੀ ਨਸ਼ਿਆਂ ਦੀ ਵਰਤੋਂ**

(ਜਾਣ-ਪਛਾਣ .................... ਨਸ਼ੀਲੀਆਂ ਵਸਤਾਂ ਦੀਆਂ ਕਿਸਮਾਂ .................... ਨਸ਼ਾ: ਮਸਤ ਜ਼ਿੰਦਗੀ ਕਿ ਦਰਦਨਾਕ ਮੌਤ ........................ ਨਸ਼ਿਆਂ ਦੇ ਕਾਰਨ ........................ ਨਸ਼ਿਆਂ ਦੀ ਸਪਲਾਈ ਤੇ ਪਹੁੰਚ .................... ਬਾਹਰਲੇ ਪ੍ਰਭਾਵ .................... ਸੁਝਾਅ .................... ਸਾਰੰਸ਼ .................... )

**(iii) ਮਿਠਤੁ ਨੀਵੀ ਨਾਨਕਾ ਗੁਣ ਚੰਗਿਆਈਆ ਤਤੁ**

(ਜਾਣ-ਪਛਾਣ .................... ਤੁਕ ਦਾ ਅਰਥ .................... ਮਿੱਠੇ ਅਤੇ ਕੌੜੇ ਬੋਲਾਂ ਦਾ ਭਿੰਨ-ਭਿੰਨ ਅਸਰ .................... ਨਿਮਰਤਾ- ਸਭ ਤੋਂ ਮਹੱਤਵਪੂਰਨ ਗੁਣ .................... ਹੰਕਾਰ ਇੱਕ ਔਗੁਣ ............ ਵਿਖਾਵੇ ਵਾਲ਼ੀ ਨਿਮਰਤਾ .............. ਨਿਮਰਤਾ ਦੇ ਲਾਭ ................ ਸਾਰੰਸ਼ ..........)

4. ਤੁਹਾਡੇ ਇਲਾਕੇ ਵਿੱਚ ਫੈਲ ਰਹੀ ਡੇਂਗੂ ਦੀ ਬਿਮਾਰੀ ਅਤੇ ਲੋਕਾਂ ਦੀ ਸਿਹਤ-ਜਾਂਚ ਕਰਨ ਲਈ, ਹਰ ਹਫ਼ਤੇ ਇੱਕ ਕੈਂਪ ਲਾਉਣ ਲਈ ਸਿਹਤ ਵਿਭਾਗ ਦੇ ਡਾਇਰੈਕਟਰ ਨੂੰ ਇੱਕ ਪੱਤਰ ਲਿਖੋ।

(ਡੇਂਗੂ ਦੀ ਬਿਮਾਰੀ ਦਾ ਫੈਲਣਾ .................... ਇਲਾਕੇ ਵਿੱਚ ਕੋਈ ਹਸਪਤਾਲ ਨਾ ਹੋਣਾ .................... ਥਾਂ-ਥਾਂ ਪਾਣੀ ਖੜ੍ਹਾ ਹੋਣਾ .................... ਹੋਰ ਬਿਮਾਰੀਆਂ ਦਾ ਖ਼ਤਰਾ .................... ਨੀਮ-ਹਕੀਮਾਂ ’ਤੇ ਨਿਰਭਰ ਹੋਣ ਲਈ ਮਜ਼ਬੂਰ .................... ਸਿਹਤ-ਜਾਂਚ ਕੈਂਪ ਲਾਉਣ ਦੀ ਬੇਨਤੀ .................... ਸਿਹਤ-ਮੰਤਰੀ ਵੱਲੋਂ ਮਨਜ਼ੂਰੀ ....................)

ਜਾਂ

ਤੁਹਾਡਾ ਮਿੱਤਰ/ਸਹੇਲੀ ਦਸਵੀਂ ਜਮਾਤ ਵਿੱਚੋਂ ਮੈਰਿਟ ਵਿੱਚ ਆਇਆ/ਆਈ ਹੈ, ਉਸ ਨੂੰ ਵਧਾਈ ਦਿੰਦੇ ਹੋਏ ਪੱਤਰ ਲਿਖੋ ।

(ਬੋਰਡ ਵੱਲੋਂ ਨਤੀਜੇ ਦਾ ਐਲਾਨ ..................... ਅਖ਼ਬਾਰ ਵਿੱਚ ਤਸਵੀਰ ਵੇਖਣਾ ..................... ਜ਼ਿਲ੍ਹੇ ਵਿੱਚੋਂ ਪਹਿਲਾਂ ਸਥਾਨ ..................... ਬਹੁਤ ਖ਼ੁਸ਼ ਹੋਣਾ ..................... ਖੁਸ਼ੀ ਨੂੰ ਸਾਥੀਆਂ ਨਾਲ ਸਾਂਝੀ ਕਰਨਾ ..................... ਮਾਤਾ-ਪਿਤਾ ਨੂੰ ਵੀ ਵਧਾਈ ..................... ਉੱਜਲ ਭਵਿੱਖ ਦੀ ਕਾਮਨਾ ..................... ) 7X1=7

## ਭਾਗ ਤੀਜਾ: ਪਾਠ-ਪੁਸਤਕਾਂ 'ਤੇ ਆਧਾਰਿਤ ਪ੍ਰਸ਼ਨ

## (Part C: Text Books based questions) 3+4+4+4=15

### ਕਵਿਤਾਵਾਂ ਵਿੱਚੋਂ:

**(ਪ੍ਰਸ਼ਨ ਨੰਬਰ 5 ਤੋਂ 8 ਤੱਕ ਵਿੱਚੋਂ ਕਿਸੇ ਤਿੰਨ ਪ੍ਰਸ਼ਨਾਂ ਦੇ ਉੱਤਰ ਇੱਕ-ਦੋ ਸ਼ਬਦਾਂ ਵਿੱਚ ਦਿਓ)**

5. 'ਤੂੰ ਮੇਰਾ ਪਿਤਾ ਤੂੰ ਹੈ ਮੇਰਾ ਮਾਤਾ' ਬਾਣੀ ਅਨੁਸਾਰ ਸਭ ਥਾਵਾਂ 'ਤੇ ਸਾਡਾ ਰਾਖਾ ਕੌਣ ਹੈ ?

6. 'ਤੂੰ ਮੇਰਾ ਪਿਤਾ ਤੂੰ ਹੈ ਮੇਰਾ ਮਾਤਾ' ਰਚਨਾ ਵਿੱਚ ਆਏ ਸ਼ਬਦ 'ਬੰਧਪੁ' ਦਾ ਕੀ ਅਰਥ ਹੈ ?

7. 'ਸਤਿਗੁਰ ਨਾਨਕ ਪ੍ਰਗਟਿਆ' ਰਚਨਾ ਅਨੁਸਾਰ ਜਿਨ੍ਹਾਂ ਥਾਂਵਾਂ 'ਤੇ ਗੁਰੂ ਨਾਨਕ ਦੇਵ ਜੀ ਨੇ ਚਰਨ ਪਰਸੇ ਹਨ, ਉਹ ਥਾਂਵਾਂ ਕੀ ਕਰਨਯੋਗ ਹੋ ਗਈਆਂ ਹਨ ?

8. 'ਸਤਿਗੁਰ ਨਾਨਕ ਪ੍ਰਗਟਿਆ' ਰਚਨਾ ਅਨੁਸਾਰ ਗੁਰੂ ਨਾਨਕ ਦੇਵ ਜੀ ਦੁਆਰਾ ਘਰ-ਘਰ ਅੰਦਰ ਬਣਾਈ ਧਰਮਸਾਲ ਵਿੱਚ ਸਦਾ ਕੀ ਹੁੰਦਾ ਰਹਿੰਦਾ ਹੈ ? 1X3=3

### ਕਹਾਣੀ ਤੇ ਵਾਰਤਕ ਵਿੱਚੋਂ:

**(ਪ੍ਰਸ਼ਨ ਨੰਬਰ 9 ਤੋਂ 11 ਤੱਕ ਵਿੱਚੋਂ ਕਿਸੇ ਦੋ ਪ੍ਰਸ਼ਨਾਂ ਦੇ ਉੱਤਰ 25 ਤੋਂ 30 ਸ਼ਬਦਾਂ ਵਿੱਚ ਦਿਓ)**

9. 'ਅੰਗ-ਸੰਗ' ਕਹਾਣੀ ਵਿੱਚ ਸੁਸਾਇਟੀ ਦੇ ਇਨਸਪੈਕਟਰ ਨੇ ਅਮਰੀਕ ਸਿੰਘ ਨੂੰ ਕਿਸ ਗੱਲ ਦੀ ਰਿਆਇਤ ਦਿੱਤੀ ?

10. ਸਿੱਖ ਧਰਮ ਵਿੱਚ ਅਰਦਾਸ ਦੀ ਕੀ ਮਹੱਤਤਾ ਹੈ ?

11. ਲੇਖਕ ਨੂੰ ਪਿੰਡ ਦੇ ਲੋਕ ਕਾਗਜ਼ੀ ਪਹਿਲਵਾਨ ਕਿਉਂ ਕਹਿੰਦੇ ਸਨ ? 2X2=4

**ਵਾਰਤਕ ਵਿੱਚੋਂ (ਪ੍ਰਸ਼ਨ ਨੰਬਰ 12 ਤੇ 13 ਵਿੱਚੋਂ ਕਿਸੇ ਇੱਕ ਪ੍ਰਸ਼ਨ ਦਾ ਉੱਤਰ 50 ਤੋਂ 60 ਸ਼ਬਦਾਂ ਵਿੱਚ ਦਿਓ):**

12. ਪਿੰਡ ਦੇ ਚੌਧਰੀ ਨੇ ਲੇਖਕ ਦੇ ਬਾਬੇ ਨੂੰ ਪਹਿਲਵਾਨ ਨਾਲ਼ ਘੁਲਣ ਲਈ ਕਿਉਂ ਕਿਹਾ ?

13. ਪ੍ਰਾਰਥਨਾ ਕਰਨ ਨਾਲ਼ ਕੈਦੀ ਦੇ ਵਿਹਾਰ ਵਿੱਚ ਕਿਹੋ-ਜਿਹੀ ਤਬਦੀਲੀ ਆਈ ?

4X1=4

**ਇਕਾਂਗੀ ਵਿੱਚੋਂ:**

**(ਪ੍ਰਸ਼ਨ ਨੰਬਰ 14 ਤੇ 15 ਵਿੱਚੋਂ ਕਿਸੇ ਇੱਕ ਪ੍ਰਸ਼ਨ ਦਾ ਉੱਤਰ 50 ਤੋਂ 60 ਸ਼ਬਦਾਂ ਵਿੱਚ ਦਿਓ)**

14. ਨਿਹਾਲ ਕੌਰ ਅਤੇ ਮਨਜੀਤ ਕੌਰ ਦਾ ਕਿਸ ਗੱਲ ਤੋਂ ਤਕਰਾਰ ਚੱਲ ਰਿਹਾ ਸੀ ?

15. . ਨਿਹਾਲ ਕੌਰ ਵੱਲੋਂ ਆਪਣੇ ਮੁੰਡੇ ਦਾ ਦੂਜਾ ਵਿਆਹ ਕਰਾਉਣ ਬਾਰੇ ਕਹਿਣ 'ਤੇ ਮਨਜੀਤ ਕੌਰ ਕੀ ਜਵਾਬ ਦਿੰਦੀ ਹੈ ?

4X1=4